ਜਾਣਕਾਰੀ ਸ਼ਾਮਲ ਕਰਨਾ
UK ਦੇ ਪਰਿਵਾਰਕ ਜੀਵਨ ਨੂੰ ਹੋਰ ਵੀ ਬਿਹਤਰ ਢੰਗ ਨਾਲ ਸਮਝਣ ਵਿੱਚ ਸਾਡੀ ਮਦਦ ਕਰੋ

ਤੁਹਾਡੇ ਨਿਯਮਿਤ ਰਿਕਾਰਡਾਂ ਵਿੱਚੋਂ ਜਾਣਕਾਰੀ ਸ਼ਾਮਲ ਕਰਨਾ

ਸਰਕਾਰੀ ਵਿਭਾਗ ਅਤੇ ਏਜੰਸੀਆਂ (ਜਿਵੇਂ ਕਿ NHS) ਪਹਿਲਾਂ ਹੀ ਸਾਡੇ ਸਾਰਿਆਂ ਬਾਰੇ ਰਿਕਾਰਡ ਰੱਖਦੀਆਂ ਹਨ। ਇਸੇ ਤਰ੍ਹਾਂ ਉਹ ਸੇਵਾਵਾਂ ਦੀ ਯੋਜਨਾ ਬਣਾਉਂਦੇ ਹਨ ਅਤੇ ਉਨ੍ਹਾਂ ਨੂੰ ਮੁਹੱਈਆ ਕਰਦੇ ਹਨ। ਤੁਹਾਡੀ ਇਜਾਜ਼ਤ ਨਾਲ, ਅਸੀਂ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਹੇਠ ਲਿਖੀ ਜਾਣਕਾਰੀ ਨੂੰ ਤੁਹਾਡੇ ਅਧਿਐਨ ਦੇ ਜਵਾਬਾਂ ਵਿੱਚ ਸ਼ਾਮਲ ਕਰਨਾ ਚਾਹੁੰਦੇ ਹਾਂ:

- **ਸਿਹਤ ਦੇ ਰਿਕਾਰਡ:** ਜਿਵੇਂ ਕਿ ਹਸਪਤਾਲ ਅਤੇ GP ਵਿਜ਼ਿਟਾਂ, ਪ੍ਰੈਸਕ੍ਰਿਪਸ਼ਨਜ਼, ਸਿਹਤ ਸਥਿਤੀਆਂ ਅਤੇ ਮੌਤ ਦਰ ਦਾ ਡੇਟਾ।
- **ਸਿੱਖਿਆ ਦੇ ਰਿਕਾਰਡ:** ਜਿਵੇਂ ਕਿ ਪ੍ਰੀਖਿਆ ਦੇ ਨਤੀਜੇ, ਸਕੂਲ ਜਾਂ ਕਾਲਜ ਦੀ ਹਾਜ਼ਰੀ, ਵਿਸ਼ੇਸ਼ ਸਿੱਖਿਆ ਦੀਆਂ ਲੋੜਾਂ, ਅਤੇ ਚਾਈਲਡ ਕੇਅਰ ਦੀ ਵਰਤੋਂ।
- **ਸੋਸ਼ਲ ਕੇਅਰ ਰਿਕਾਰਡ:** ਜਿਵੇਂ ਕਿ ਸੋਸ਼ਲ ਸਰਵਿਸਿਜ਼, ਸੋਸ਼ਲ ਵਰਕਰਾਂ ਅਤੇ ਸੋਸ਼ਲ ਕੇਅਰ ਦਾ ਤਜ਼ਰਬਾ।

ਜਾਣਕਾਰੀ ਸ਼ਾਮਲ ਕਰਨ ਬਾਰੇ ਇੱਕ ਛੋਟੀ ਵੀਡੀਓ ਦੇਖਣ ਲਈ ਇੱਥੇ ਸਕੈਨ ਕਰੋ:

ਇੰਗਲੈਂਡ ਵਿੱਚ ਸਿੱਖਿਆ ਰਿਕਾਰਡਾਂ ਦੀ ਵਰਤੋਂ ਕਰਨ ਵਾਲੀ ਇੱਕ ਖੋਜ ਤੋਂ ਪਤਾ ਲੱਗਿਆ ਹੈ ਕਿ ਗਰਮੀਆਂ ਵਿੱਚ ਪੈਦਾ ਹੋਏ ਬੱਚੇ ਆਪਣੀ ਕਲਾਸ ਦੇ ਵੱਡੇ ਬੱਚਿਆਂ ਦੇ ਮੁਕਾਬਲੇ ਨੁਕਸਾਨ ਵਿੱਚ ਰਹਿ ਸਕਦੇ ਹਨ। ਇਹਨਾਂ ਨਤੀਜਿਆਂ ਨੇ ਇੰਗਲੈਂਡ ਵਿੱਚ ਸਕੂਲ ਦਾਖਲਾ ਨੀਤੀ ਵਿੱਚ ਤਬਦੀਲੀ ਲਿਆਂਦੀ ਹੈ – ਬੱਚੇ ਹੁਣ ਚਾਰ ਦੀ ਬਜਾਏ ਪੰਜ ਸਾਲ ਦੀ ਉਮਰ ਵਿੱਚ ਸਕੂਲ ਜਾਣਾ ਸ਼ੁਰੂ ਕਰ ਸਕਦੇ ਹਨ। ਵੇਲਜ਼, ਸਕਾਟਲੈਂਡ ਅਤੇ ਨੌਰਦਰਨ ਆਇਰਲੈਂਡ ਵਿੱਚ ਪਹਿਲਾਂ ਹੀ ਇਸੇ ਤਰ੍ਹਾਂ ਦੀਆਂ ਨੀਤੀਆਂ ਹਨ।

ਅਸੀਂ ਅਜਿਹਾ ਕਿਉਂ ਕਰਨਾ ਚਾਹੁੰਦੇ ਹਾਂ?

ਨਿਯਮਿਤ ਰਿਕਾਰਡਾਂ ਤੋਂ ਜਾਣਕਾਰੀ ਸ਼ਾਮਲ ਕਰਨ ਨਾਲ ਕਮੀਆਂ ਨੂੰ ਪੂਰਾ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਇਹ ਵਾਧੂ ਵੇਰਵੇ ਦਿੰਦਾ ਹੈ ਕਿ ਪਰਿਵਾਰ ਸੇਵਾਵਾਂ ਦੀ ਵਰਤੋਂ ਕਿਵੇਂ ਕਰਦੇ ਹਨ – ਜਿਸ ਨਾਲ ਖੋਜਕਰਤਾਵਾਂ ਨੂੰ ਤੁਹਾਡੇ ਜੀਵਨ ਦੀ ਵਧੇਰੇ ਮੁਕੰਮਲ ਤਸਵੀਰ ਮਿਲਦੀ ਹੈ। ਇਸ ਦਾ ਮਤਲਬ ਇਹ ਵੀ ਹੈ ਕਿ ਸਾਨੂੰ ਤੁਹਾਡੀ ਇੰਟਰਵਿਊ ਵਿੱਚ ਬਹੁਤ ਸਾਰੇ ਸਵਾਲ ਪੁੱਛਣ ਦੀ ਲੋੜ ਨਹੀਂ ਪਵੇਗੀ।
ਸਿਹਤ, ਸਿੱਖਿਆ ਅਤੇ ਸੋਸ਼ਲ ਕੇਅਰ ਦੇ ਰਿਕਾਰਡਾਂ ਨੂੰ ਤੁਹਾਡੀ ਸਰਵੇਖਣ ਜਾਣਕਾਰੀ ਨਾਲ ਜੋੜ ਕੇ, ਖੋਜਕਰਤਾ ਹੇਠ ਲਿਖੀਆਂ ਚੀਜ਼ਾਂ 'ਤੇ ਧਿਆਨ ਦੇ ਸਕਦੇ ਹਨ:

- ਘਰੇਲੂ ਜੀਵਨ ਅਤੇ ਚਾਈਲਡ ਕੇਅਰ ਦਾ ਬੱਚਿਆਂ ਦੇ ਸਕੂਲ ਲਈ ਤਿਆਰ ਹੋਣ 'ਤੇ ਕਿਵੇਂ ਅਸਰ ਪੈਂਦਾ ਹੈ?

- ਛੋਟੇ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਲੋੜੀਂਦੀ ਸਿਹਤ ਸੰਭਾਲ ਅਤੇ ਹੋਰ ਸਹਾਇਤਾ ਪ੍ਰਾਪਤ ਕਰਨ ਵਿੱਚ ਕਿਹੜੀਆਂ ਚੀਜ਼ਾਂ ਰੁਕਾਵਟ ਬਣ ਸਕਦੀਆਂ ਹਨ?
- ਅਸੀਂ ਉਨ੍ਹਾਂ ਮਾਪਿਆਂ ਦੀ ਬਿਹਤਰ ਸਹਾਇਤਾ ਕਿਵੇਂ ਕਰ ਸਕਦੇ ਹਾਂ, ਜੋ ਕੇਅਰ ਵਿੱਚ ਵੱਡੇ ਹੋਏ ਹਨ, ਅਤੇ ਉਹਨਾਂ ਪਰਿਵਾਰਾਂ ਦੀ ਜੋ ਚਿਲਡਰਨ ਸਰਵਿਸਿਜ਼ ਤੋਂ ਮਦਦ ਲੈ ਰਹੇ ਹਨ?

ਕੀ ਤੁਸੀਂ ਜਾਣਦੇ ਹੋ: ਪੱਛੜੇ ਹੋਏ ਕਿਸ਼ੋਰ ਮਾਨਸਿਕ ਸਿਹਤ ਸਹਾਇਤਾ ਤੋਂ ਵਾਂਝੇ ਰਹਿ ਸਕਦੇ ਹਨ। ਖੋਜਕਰਤਾਵਾਂ ਨੇ ਨੌਜਵਾਨਾਂ ਦੁਆਰਾ ਆਪਣੀ ਮਾਨਸਿਕ ਸਿਹਤ ਬਾਰੇ ਦਿੱਤੀ ਜਾਣਕਾਰੀ ਦੀ NHS ਰਿਕਾਰਡਾਂ ਨਾਲ ਤੁਲਨਾ ਕਰਕੇ ਇਹ ਪਤਾ ਲਗਾਇਆ ਹੈ।

ਨਿਯਮਿਤ ਰਿਕਾਰਡਾਂ ਤੋਂ ਜਾਣਕਾਰੀ ਸ਼ਾਮਲ ਕਰਨਬਾਰੇ ਕੌਣ ਫ਼ੈਸਲਾ ਕਰਦਾ ਹੈ?

ਇਹ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਇਹਨਾਂ ਸਾਰੇ ਰਿਕਾਰਡਾਂ ਵਿੱਚੋਂ ਜਾਣਕਾਰੀ ਸ਼ਾਮਲ ਕਰਨੀ ਹੈ, ਕੁਝ ਵਿੱਚੋਂ ਜਾਂ ਕਿਸੇ ਵਿੱਚੋਂ ਵੀ ਨਹੀਂ। ਅਸੀਂ ਅਜਿਹਾ ਸਿਰਫ਼ ਤੁਹਾਡੀ ਇਜਾਜ਼ਤ ਨਾਲ ਹੀ ਕਰਾਂਗੇ। ਤੁਸੀਂ ਜੋ ਵੀ ਫ਼ੈਸਲਾ ਕਰਦੇ ਹੋ, ਤੁਸੀਂ ਫਿਰ ਵੀ ਅਧਿਐਨ ਵਿੱਚ ਭਾਗ ਲੈ ਸਕਦੇ ਹੋ ਅਤੇ ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ।

ਤੁਹਾਡੀ ਇਜਾਜ਼ਤ ਕਦੋਂ ਖਤਮ ਹੁੰਦੀ ਹੈ?

ਅਸੀਂ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਅਤੀਤ, ਵਰਤਮਾਨ ਅਤੇ ਭਵਿੱਖ ਦੇ ਹਾਲਾਤਾਂ ਬਾਰੇ ਰਿਕਾਰਡ ਸ਼ਾਮਲ ਕਰਾਂਗੇ। ਜਦੋਂ ਤੱਕ ਤੁਸੀਂ ਸਾਨੂੰ ਰੁਕਣ ਲਈ ਨਹੀਂ ਕਹਿੰਦੇ, ਅਸੀਂ ਅਜਿਹਾ ਕਰਨਾ ਜਾਰੀ ਰੱਖਾਂਗੇ, ਭਾਵੇਂ ਤੁਸੀਂ ਭਵਿੱਖ ਦੀਆਂ ਇੰਟਰਵਿਊਜ਼ ਵਿੱਚ ਭਾਗ ਨਾ ਲੈਣ ਦਾ ਫ਼ੈਸਲਾ ਕਰਦੇ ਹੋ ਜਾਂ ਸਾਡਾ ਤੁਹਾਡੇ ਨਾਲ ਸੰਪਰਕ ਟੁੱਟ ਜਾਂਦਾ ਹੈ।
ਤੁਹਾਡੇ ਬੱਚੇ ਦੇ ਰਿਕਾਰਡਾਂ ਨੂੰ ਲਿੰਕ ਕਰਨ ਬਾਰੇ ਸਿਰਫ਼ ਲੰਬੀ ਇੰਟਰਵਿਊ ਦੇਣ ਵਾਲੇ ਮਾਂ ਜਾਂ ਪਿਤਾ ਨੂੰ ਹੀ ਪੁੱਛਿਆ ਜਾਵੇਗਾ, ਇਸ ਲਈ ਤੁਸੀਂ ਇਸ ਬਾਰੇ ਬੱਚੇ ਦੇ ਦੂਜੇ ਮਾਤਾ-ਪਿਤਾ ਨਾਲ ਗੱਲਬਾਤ ਕਰਨਾ ਚਾਹ ਸਕਦੇ ਹੋ। ਤੁਹਾਡੇ ਬੱਚੇ ਲਈ ਦਿੱਤੀ ਗਈ ਇਜਾਜ਼ਤ 14 ਸਾਲ ਦੀ ਉਮਰ ਤੱਕ ਦੇ ਸਿਹਤ ਰਿਕਾਰਡਾਂ ਅਤੇ 16 ਸਾਲ ਦੀ ਉਮਰ ਤੱਕ ਦੇ ਸਿੱਖਿਆ ਰਿਕਾਰਡਾਂ ਨੂੰ ਕਵਰ ਕਰਦੀ ਹੈ। ਇੰਗਲੈਂਡ, ਵੇਲਜ਼ ਅਤੇ ਸਕਾਟਲੈਂਡ ਵਿੱਚ ਸੋਸ਼ਲ ਕੇਅਰ ਰਿਕਾਰਡਾਂ ਲਈ ਇਜਾਜ਼ਤ 16 ਸਾਲ ਦੀ ਉਮਰ ਤੱਕ ਹੈ ਅਤੇ ਨੌਰਦਰਨ ਆਇਰਲੈਂਡ ਵਿੱਚ ਇਹ 14 ਸਾਲ ਦੀ ਉਮਰ ਤੱਕ ਹੈ। ਤੁਹਾਡਾ ਬੱਚਾ ਵੱਡਾ ਹੋਣ 'ਤੇ ਆਪਣੇ ਲਈ ਖੁਦ ਫ਼ੈਸਲਾ ਕਰ ਸਕਦਾ ਹੈ।

ਇਸ ਬਾਰੇ ਜਾਣਕਾਰੀ ਕਿ ਤੁਸੀਂ ਕਿੱਥੇ ਰਹਿੰਦੇ ਹੋ

ਅਸੀਂ ਤੁਹਾਡੇ ਸਥਾਨਕ ਇਲਾਕੇ ਅਤੇ ਘਰ ਬਾਰੇ ਜਾਣਕਾਰੀ ਸ਼ਾਮਲ ਕਰਨ ਦੀ ਵੀ ਯੋਜਨਾ ਬਣਾਉਂਦੇ ਹਾਂ, ਜਿਵੇਂ ਕਿ ਹਵਾ ਦਾ ਪ੍ਰਦੂਸ਼ਣ, ਹਰੇ ਭਰੇ ਖੇਤਰ, ਨੇੜਲੀਆਂ ਸੇਵਾਵਾਂ, ਅਤੇ ਘਰ ਦੀ ਊਰਜਾ ਕੁਸ਼ਲਤਾ। ਇਸ ਨਾਲ ਖੋਜਕਰਤਾਵਾਂ ਨੂੰ ਇਹ ਸਮਝਣ ਵਿੱਚ ਮਦਦ ਮਿਲਦੀ ਹੈ ਕਿ ਵਾਤਾਵਰਣ ਤੁਹਾਡੇ ਬੱਚੇ ਦੀ ਸਿਹਤ ਅਤੇ ਵਿਕਾਸ ਨੂੰ ਕਿਵੇਂ ਰੂਪ ਦਿੰਦਾ ਹੈ। ਇਸ ਵਿੱਚੋਂ ਬਹੁਤ ਸਾਰੀ ਜਾਣਕਾਰੀ ਜਨਤਕ ਤੌਰ 'ਤੇ ਉਪਲਬਧ ਹੈ ਅਤੇ ਇਹ ਤੁਹਾਡੇ

ਬਾਰੇ ਵਿਅਕਤੀਗਤ ਪੱਧਰ ਦੀ ਜਾਣਕਾਰੀ ਨਹੀਂ ਹੈ, ਇਸ ਲਈ ਅਸੀਂ ਇਸ ਨੂੰ ਸ਼ਾਮਲ ਕਰਨ ਲਈ ਤੁਹਾਡੀ ਇਜਾਜ਼ਤ ਨਹੀਂ ਮੰਗਦੇ ਹਾਂ। ਅਸੀਂ ਅਧਿਐਨ ਵਿੱਚ ਭਾਗ ਲੈਣ ਵਾਲੇ ਹਰ ਵਿਅਕਤੀ ਲਈ ਅਜਿਹਾ ਕਰਨ ਦੀ ਯੋਜਨਾ ਬਣਾਉਂਦੇ ਹਾਂ। ਹਾਲਾਂਕਿ, ਤੁਸੀਂ ਇਸ ਬੁੱਕਲੈਟ ਦੇ ਪਿਛਲੇ ਪਾਸੇ ਦਿੱਤੇ ਵੇਰਵਿਆਂ ਦੀ ਵਰਤੋਂ ਕਰਕੇ ਇਸ ਤੋਂ ਬਾਹਰ ਹੋਣ ਦੀ ਚੋਣ ਕਰ ਸਕਦੇ ਹੋ।

ਤੁਹਾਡੀ ਗੋਪਨੀਯਤਾ ਮਾਇਨੇ ਰੱਖਦੀ ਹੈ

ਜਾਣਕਾਰੀ ਸ਼ਾਮਲ ਕਰਨ ਦਾ ਕੰਮ **ਸੁਰੱਖਿਅਤ ਅਤੇ ਗੁਪਤ ਤਰੀਕੇ ਨਾਲ ਕੀਤਾ ਜਾਂਦਾ ਹੈ।** ਤੁਹਾਡੇ ਲਈ ਸਹੀ ਜਾਣਕਾਰੀ ਦਾ ਮੇਲ ਕਰਨ ਵਾਸਤੇ ਸਿਰਫ਼ ਸੀਮਿਤ ਨਿੱਜੀ ਵੇਰਵਿਆਂ, ਜਿਵੇਂ ਕਿ ਤੁਹਾਡਾ ਨਾਮ ਅਤੇ ਪਤਾ, ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਕੰਮ ਭਰੋਸੇਯੋਗ ਸੰਸਥਾਵਾਂ ਅਤੇ ਮਾਹਰ ਖੋਜਕਰਤਾਵਾਂ ਦੁਆਰਾ ਸੁਰੱਖਿਅਤ ਮਾਹੌਲ ਵਿੱਚ ਕੀਤਾ ਜਾਂਦਾ ਹੈ। ਖੋਜ ਲਈ ਵਰਤਿਆ ਜਾਣ ਵਾਲਾ ਸੰਯੋਜਿਤ ਡੇਟਾ (ਤੁਹਾਡੇ ਅਧਿਐਨ ਦੇ ਜਵਾਬ ਅਤੇ ਵਾਧੂ ਜਾਣਕਾਰੀ) ਵਿੱਚ **ਕਦੇ ਵੀ ਕੋਈ ਅਜਿਹੇ ਨਿੱਜੀ ਵੇਰਵੇ ਸ਼ਾਮਲ ਨਹੀਂ ਹੁੰਦੇ ਜੋ ਤੁਹਾਡੀ ਪਛਾਣ ਕਰਦੇ ਹੋਣ।** ਇਹ ਸੰਯੋਜਿਤ ਖੋਜ ਡੇਟਾ ਖੋਜਕਰਤਾਵਾਂ ਨੂੰ UK Data Service, UK Longitudinal Linkage Collaboration ਅਤੇ ਹੋਰ ਸਮਾਨ ਸੇਵਾਵਾਂ ਰਾਹੀਂ ਉਪਲਬਧ ਕਰਵਾਇਆ ਜਾਂਦਾ ਹੈ। gnestudy.info/privacy 'ਤੇ ਹੋਰ ਪੜ੍ਹੋ।
ਤੁਹਾਡੀ ਅਧਿਐਨ ਜਾਣਕਾਰੀ ਉਹਨਾਂ ਸੰਸਥਾਵਾਂ ਤੋਂ ਪੂਰੀ ਤਰ੍ਹਾਂ ਗੁਪਤ ਰਹਿੰਦੀ ਹੈ ਜੋ ਸੇਵਾਵਾਂ ਜਾਂ ਲਾਭ ਮੁਹੱਈਆ ਕਰਦੀਆਂ ਹਨ ਜਿਨ੍ਹਾਂ ਦੀ ਤੁਸੀਂ ਜਾਂ ਤੁਹਾਡਾ ਬੱਚਾ ਵਰਤੋਂ ਕਰਦਾ ਹੈ ਜਾਂ ਪ੍ਰਾਪਤ ਕਰਦਾ ਹੈ।

ਕੋਈ ਸਵਾਲ ਹੈ?

- gnestudy.info/adding-information 'ਤੇ ਜਾਓ
- ਤੁਹਾਡੇ ਇੰਟਰਵਿਊਅਰ ਨੂੰ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਵਿੱਚ ਖੁਸ਼ੀ ਹੋਵੇਗੀ, ਜਾਂ ਤੁਸੀਂ ਅਧਿਐਨ ਟੀਮ ਨਾਲ ਸੰਪਰਕ ਕਰ ਸਕਦੇ ਹੋ: 0800 151 0610 'ਤੇ ਕਾਲ ਕਰੋ ਜਾਂ gnestudy@ipsos.com 'ਤੇ ਈਮੇਲ ਕਰੋ